**ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ**
**ਐਸ.ਸੀ ਓ ਨੰ:- 104-106, ਦੂਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ ਫ਼ੋਨ ਨੰ: 0172- 2623207, 2621106**
**ਫੈਕਸ:0172-2624687, ਈ-ਮੇਲ: ssa.punjab@yahoo.com**

ਵੱਲ

ਸਮੂਹ ਮੰਡਲ ਸਿੱਖਿਆ ਅਫ਼ਸਰ, ਪੰਜਾਬ
ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ), ਪੰਜਾਬ
ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ), ਪੰਜਾਬ
ਸਮੂਹ ਸਕੂਲ ਮੁਖੀ (ਵੈੱਬ ਸਾਈਟ ਰਾਹੀਂ)
ਸਮੂਹ ਨਿਰੀਖਣ ਟੀਮਾਂ (ਵੈੱਬ ਸਾਈਟ ਰਾਹੀਂ)

ਮੀਮੋ ਨੰ. 50/ਸ.ਸ.ਅ/ਪੈਡਾਗੋਜ਼ੀ/78530-78532
ਮਿਤੀ: ਚੰਡੀਗੜ੍ਹ 18.07.2011

**ਵਿਸ਼ਾ: ਲਗਾਤਾਰ ਸਮੁੱਚਾ ਮੁਲਾਂਕਣ (ਸੀ.ਸੀ.ਈ) ਦੀ ਵਿਸ਼ਾ ਸਮੱਗਰੀ ਬਾਰੇ।**

1.0 ਉਪਰੋਕਤ ਵਿਸ਼ਾ ਆਪ ਜੀ ਵਲੋਂ ਵਿਸ਼ੇਸ਼ ਧਿਆਨ ਦੀ ਮੰਗ ਕਰਦਾ ਹੈ।

2.0 ਜਿਵੇਂ ਕਿ ਆਪ ਜੀ ਨੂੰ ਪਤਾ ਹੀ ਹੈ ਕਿ ਆਰ.ਟੀ.ਈ ਐਕਟ-2009 ਅਨੁਸਾਰ ਐਲੀਮੈਂਟਰੀ ਪੱਧਰ ਦੇ ਹਰੇਕ ਵਿਦਿਆਰਥੀ ਦਾ ਲਗਾਤਾਰ ਅਤੇ ਸਮੁੱਚਾ ਮੁਲਾਂਕਣ (Continuous Comprehensive Evaluation) ਕੀਤਾ ਜਾਣਾ ਹੈ, ਜਿਸਲਈ ਸਟੇਟ ਹੈੱਡ ਆਫ਼ਿਸ ਵਲੋਂ ਵਿਸ਼ੇਸ਼ ਉਪਰਾਲੇ ਕੀਤੇ ਗਏ ਹਨ/ਕੀਤੇ ਜਾ ਰਹੇ ਹਨ ਜਿਵੇਂ ਕਿ:

- ਮਾਸਟਰ ਟ੍ਰੇਨਰਜ਼ ਦੀ ਵਿਸ਼ੇਸ਼ ਟ੍ਰੇਨਿੰਗ ਕਰਵਾਉਣਾ;
- ਵਿਸ਼ੇ ਸਬੰਧੀ ਵਿਸ਼ੇਸ਼ ਮਾਡਿਊਲ ਦੀ ਤਿਆਰੀ;
- ਇਸ ਮੁਲਾਂਕਣ ਸਬੰਧੀ ਰਿਕਾਰਡ ਦਰਜ ਕਰਨ ਹਿਤ ਦੋ ਤਰ੍ਹਾਂ ਦੇ ਰਜਿਸਟਰ:
  1. ਵਿਸ਼ਾ ਅਧਿਆਪਕ ਰਜਿਸਟਰਾਂ ਦੀ ਤਿਆਰੀ।
  2. ਜਮਾਤ ਰਜਿਸਟਰ ਦੀ ਤਿਆਰੀ।
- ਪ੍ਰਗਤੀ ਕਾਰਡ ਤਿਆਰ ਕਰਨੇ।

3.0 ਮਾਸਟਰ ਟ੍ਰੇਨਰਜ਼ ਨੂੰ ਇਸੇ ਹਫ਼ਤੇ ਟ੍ਰੇਨਿੰਗ ਦਿੱਤੀ ਜਾ ਰਹੀ ਹੈ।

4.0 ਸੀ.ਸੀ.ਈ ਸਬੰਧੀ ਪੂਰਾ ਮਾਡਿਊਲ ਵੈੱਬ ਸਾਈਟ ਤੇ ਉਪਲੱਬਧ ਕਰਵਾ ਦਿੱਤਾ ਗਿਆ ਹੈ, ਜਿਸਨੂੰ ਸਕੂਲ ਮੁਖੀ ਹਰ ਅਧਿਆਪਕ ਤੱਕ ਪਹੁੰਚਾਉਣਾ ਯਕੀਨੀ ਬਨਾਉਣ। ਅਧਿਆਪਕ ਸਾਹਿਬਾਨ ਖੁਦ ਵੀ ਸ.ਸ.ਅ ਦੀ ਵੈੱਬ ਸਾਈਟ ਤੇ ਜਾ ਕੇ ਇਸਨੂੰ ਦੇਖ-ਪੜ੍ਹ ਕੇ ਸਮਝਣ।

5.0 ਜਮਾਤ ਰਜਿਸਟਰ ਜ਼ਿਲ੍ਹਿਆਂ ਤੱਕ ਪਹੁੰਚਦੇ ਕਰ ਦਿੱਤੇ ਗਏ ਹਨ। ਵਿਸ਼ਾ ਅਧਿਆਪਕਾਂ ਦੇ ਰਜਿਸਟਰ, ਪ੍ਰਗਤੀ ਕਾਰਡ ਅਤੇ ਮਾਡਿਊਲ ਹਰੇਕ ਅਧਿਆਪਕ/ਸਕੂਲ ਤੱਕ ਜਲਦੀ ਹੀ ਪੁੱਜਦੇ ਕੀਤੇ ਜਾ ਰਹੇ ਹਨ।

6.0 ਆਪਣੇ-ਆਪਣੇ ਲੈਵਲ ਤੇ ਹਰੇਕ ਅਧਿਕਾਰੀ CCE ਦੀ ਟ੍ਰੇਨਿੰਗ ਅਤੇ ਇਸਨੂੰ ਲਾਗੂ ਕਰਨ ਦੇ ਕੰਮ ਨੂੰ ਇੱਕ ਮੁਹਿੰਮ ਦੀ ਤਰ੍ਹਾਂ ਲੈਣਾ ਯਕੀਨੀ ਬਨਾਉਣਗੇ ਤਾਂ ਜੋ ਮੁਲਾਂਕਣ ਦੀ ਇਸ ਵਿਧੀ/ਪਾਲਿਸੀ ਨੂੰ ਜਲਦੀ ਤੋਂ ਜਲਦੀ ਸਮਝਣ ਅਤੇ ਲਾਗੂ ਕਰਨਾ ਯਕੀਨੀ ਬਣਾਇਆ ਜਾ ਸਕੇ।

7.0 ਇਸ ਸਬੰਧੀ ਵਧੇਰੇ ਜਾਣਕਾਰੀ ਲਈ ਸ਼੍ਰੀਮਤੀ ਸੋਮਾ ਸਬਲੋਕ, ਏ.ਐੱਸ.ਪੀ.ਡੀ (ਪੈਡਾਗੋਜ਼ੀ) ਨਾਲ ਫ਼ੋਨ ਨੰ. 98146-93992 ਤੇ ਕੰਟੈਕਟ ਕੀਤਾ ਜਾ ਸਕਦਾ ਹੈ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ**

**ਉਤਾਰਾ**: ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਹਿਤ ਭੇਜਿਆ ਜਾਂਦਾ ਹੈ।

1. ਡੀ.ਐਮ. (ਐਮ.ਆਈ.ਐਸ), ਵੈੱਬ ਸਾਈਟ ਲਈ